**ਦਫਤਰ ਡਾਇਰੈਕਟਰ ਜਰਨਲ ਸਕੂਲ ਸਿੱਖਿਆ, ਪੰਜਾਬ,ਐਸ.ਏ.ਐਸ.ਨਗਰ**
**ਈ-ਬਲਾਕ, ਪੰਜਵੀਂ ਮੰਜਿਲ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,ਫੇਜ-8 ਐਸ.ਏ.ਐਸ ਨਗਰ**
**(ਵਜੀਫਾ ਸਾਖਾ)**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) (Through Website/Notice Board)
ਪੰਜਾਬ।

ਮੀਮੋ ਨੰ: 8/6-17 ਵਜੀਫਾ(6)
ਮਿਤੀ 7-8-18

ਵਿਸ਼ਾ- **ਸਮੂਹ ਵਿਦਿਆਰਥੀਆਂ ਦੀ ਅਧਾਰ ਏਨਰੋਲਮੈਂਟ 100 % ਕਰਨ ਅਤੇ ਈ-ਪੰਜਾਬ ਪੋਰਟਲ ਤੇ ਅਪਡੇਟ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਮਿਤੀ 01-08-2018 ਨੂੰ ਪ੍ਰਾਪਤ **(ਨੱਥੀ ਆਧਾਰ ਸਟੇਟਸ) ਅਨੁਸਾਰ ਵਿਦਾਊਟ ਆਧਾਰ ਸਰਕਾਰੀ ਸਕੂਲ 4.31% ਅਤੇ ਪ੍ਰਾਈਵੇਟ ਸਕੂਲ 8.39% ਹੈ।** ਇਸ ਸਬੰਧੀ ਆਪ ਨੂੰ **ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ** ਜੀ ਵੱਲੋਂ ਪਹਿਲਾ ਵੀ ਹਦਾਇਤ ਕੀਤੀ ਗਈ ਸੀ ਕਿ ਇਸ ਕੰਮ ਵਿਚ ਤੇਜ਼ੀ ਲਿਆਂਦੀ ਜਾਵੇ ਅਤੇ **ਅਧਾਰ ਇਨਰੋਲਮੈਂਟ** 100% ਕਰਨਾ ਯਕੀਨੀ ਬਣਾਇਆ ਜਾਵੇ।ਪਰ ਬਹੁਤ ਖੇਦ ਦੀ ਗੱਲ ਹੈ ਕਿ ਅਧਾਰ ਸਟੇਟਸ ਵਿੱਚ ਕੋਈ ਖਾਸ ਸੁਧਾਰ ਨਹੀਂ ਹੋਇਆ ਹੈ।

ਇਸ ਲਈ ਆਪ ਨੂੰ ਮੁੜ ਤੋਂ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਆਪਣੇ ਅਧੀਨ ਆਉਂਦੇ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਸਕੂਲ ਮੁਖੀਆਂ/ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਸਮੂਹ ਵਿਦਿਆਰਥੀਆਂ ਦੀ ਅਧਾਰ ਏਨਰੋਲਮੈਂਟ 100% ਕੀਤੀ ਜਾਵੇ ਅਤੇ **ਪ੍ਰਾਈਵੇਟ ਸਕੂਲਾਂ ਦੇ ਅਧਾਰ ਸਟੇਟਸ ਵਿੱਚ ਸੁਧਾਰ ਕਰਨ ਲਈ ਉਚੇਚੇ ਕਦੱਮ ਚੁੱਕੇ ਜਾਣ।**

ਇਸ ਦੇ ਨਾਲ ਹੀ ਜਿਨ੍ਹਾਂ ਵਿਦਿਆਰਥੀਆਂ ਦੇ ਆਧਾਰ ਬਣੇ ਹਨ ਪ੍ਰੰਤੂ ਈ-ਪੰਜਾਬ ਪੋਰਟਲ ਤੇ ਅਪਡੇਟ ਨਹੀਂ ਹਨ, ਉਨ੍ਹਾਂ ਵਿਦਿਆਰਥੀਆਂ ਦੇ ਆਧਾਰ ਸਬੰਧੀ ਡਾਟਾ ਈ-ਪੰਜਾਬ ਪੋਰਟਲ ਤੇ ਵੀ ਅਪਡੇਟ ਕੀਤਾ ਜਾਵੇ।

**ਡੀ.ਬੀ.ਟੀ ਮਿਸ਼ਨ ਤਹਿਤ ਵਿਦਿਆਰਥੀਆਂ ਨੂੰ ਸਕੀਮਾਂ ਦਾ ਲਾਭ ਦੇਣ ਲਈ ਇਨ੍ਹਾਂ ਦੇ ਆਧਾਰ ਦੀ ਬੈਂਕ ਖਾਤਿਆਂ ਨਾਲ ਸੀਡਿੰਗ ਵੀ 100% ਕਰਨੀ ਯਕੀਨੀ ਬਣਾਈ ਜਾਵੇ,** ਤਾਂ ਜੋ ਸਾਰੇ ਯੋਗ ਵਿਦਿਆਰਥੀਆਂ ਨੂੰ ਇਨ੍ਹਾਂ ਸਕੀਮਾਂ ਦਾ ਲਾਭ ਸਮੇਂ ਸਿਰ ਮਿਲ ਸਕੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।